# ਭੂਮਿਕਾ

ਜੈਨ ਧਰਮ ਦੇ ਸ਼ਵੇਤਾਵਰ ਅਰਧ ਮਾਗਧੀ ਸਾਹਿਤ ਨੂੰ ਲਿਖਿਤ ਰੂਪ ਆਚਾਰਿਆ ਦੇਵ ਅਰਧੀਗਣੀ ਸਮਾ ਸ਼੍ਰਮਣ ਨੇ ਮਹਾਵੀਰ ਸੰਮਤ 980 ਨੂੰ ਗੁਜਰਾਤ ਦੇ ਬਲੱਭੀ ਸ਼ਹਿਰ ਵਿੱਚ ਹੋਏ ਵਿਸ਼ਾਲ ਮੁਨੀ ਸੰਮੇਲਨ ਵਿੱਚ ਦਿੱਤਾ। ਪਹਿਲਾਂ ਇਹ ਸਾਰਾ ਜੈਨ ਸਾਹਿਤ ਸਾਧੂ ਵਰਗ ਨੂੰ ਮੂੰਹ-ਜ਼ੁਬਾਨੀ ਸੀ। ਪਰ ਜਦੋ ਯਾਦ ਸ਼ਕਤੀ ਘਟਣ ਲੱਗੀ ਤਾਂ ਸਾਧੂ ਸਮਾਜ ਲਿਖਤ ਸਾਹਿਤ ਦੀ ਮਹੱਤਤਾ ਨੂੰ ਸਮਝਣ ਲੱਗਾ। ਇੱਕ ਦੂਸਰਾ ਕਾਰਨ ਇਹ ਵੀ ਸੀ, ਕਿ ਯਾਦ ਸ਼ਕਤੀ ਘੱਟ ਹੋ ਜਾਣ ਕਾਰਨ ਅਤੇ ਰਾਜਨੀਤਿਕ ਉਥਲ-ਪੁਥਲ ਕਾਰਨ ਸਾਹਿਤ ਦਾ ਵਿਨਾਸ਼ ਹੋਣ ਲੱਗ ਪਿਆ। ਇਸ ਉਥਲ ਪੁਥਲ ਵਿੱਚ 12ਵਾਂ ਦਰਿਸ਼ਟੀਵਾਦ ਅੰਗ ਤਾਂ ਸਮੁੱਚਾ ਸਮਾਪਤ ਹੋ ਗਿਆ। ਆਚਾਰੰਗ ਸੂਤਰ ਦਾ ਇੱਕ ਅਧਿਐਨ ਖਤਮ ਹੋ ਗਿਆ। ਪ੍ਰਸ਼ਨ ਵਿਆਕਰਣ ਸੂਤਰ ਦਾ ਸਮੁੱਚਾ ਵਿਸ਼ਾ ਹੀ ਬਦਲ ਗਿਆ।

ਵਰਤਮਾਨ ਗ੍ਰੰਥ ਦਾ ਜੋ ਸਵਰੂਪ ਨੰਦੀ ਸੂਤਰ ਵਿੱਚ ਮਿਲਦਾ ਹੈ, ਉਨ੍ਹਾਂ ਵਿਚੋਂ ਕਿਸੇ ਦੇ ਸ਼ਲੋਕ, ਪਦ, ਕਹਾਣੀਆਂ ਵੀ ਪੂਰੀਆਂ ਨਹੀਂ ਹਨ। ਕਈ ਗ੍ਰੰਥਾਂ ਦੇ ਨਾਮ ਰਹਿ ਗਏ ਹਨ ਪਰ ਗ੍ਰੰਥ ਸਮਾਪਤ ਹੋ ਚੁੱਕੇ ਹਨ। ਸੰਸਾਤਰਕ ਪ੍ਰਕਿਣਕ ਨੰਦੀ ਸੂਤਰ ਦੀ ਸੂਚੀ ਵਿੱਚ ਦਰਜ ਨਹੀਂ ਹੈ। ਆਗਮ ਦੀਆਂ ਦੋ ਸ਼੍ਰੇਣੀਆਂ ਹਨ: ਕਾਲਿਕ ਤੇ ਉਤਕਾਲਿਕ। ਸ਼ਾਸਤਰ ਉਤਕਾਲਿਕ ਸ਼੍ਰੇਣੀ ਵਿੱਚ ਪ੍ਰਕਿਣਕ ਸੂਤਰ ਆਉਂਦੇ ਹਨ। ਪ੍ਰਾਚੀਨ ਗ੍ਰੰਥਾਂ ਵਿੱਚੋਂ ਆਚਾਰਿਆ ਜਿਨ ਚੰਦਰ ਸੂਰੀ ਨੇ 14ਵੀ ਸਦੀ ਵਿੱਚ ਲਿਖੇ ਆਪਣੇ ਗ੍ਰੰਥ 'ਵਿਧਿ ਮਾਰਗ ਪ੍ਰਪਾ' ਵਿੱਚ ਇਸ ਦਾ ਵਰਨਣ ਕੀਤਾ ਹੈ। ਇਸ ਗ੍ਰੰਥ ਤੋਂ ਪਤਾ ਚਲਦਾ ਹੈ ਕਿ ਇਹ ਗ੍ਰੰਥ ਨੰਦੀ ਸੂਤਰ ਦੇ ਪਾਕਸ਼ਿਕ ਸੂਤਰ ਤੋਂ ਬਾਅਦ ਦਾ ਹੈ। ਇਸ ਸੂਤਰ ਦੀ ਰਚਨਾ ਮੋਰਿਆ ਸਮਰਾਟ ਚੰਦਰ ਗੁਪਤ ਮੋਰਿਆ ਦੇ ਸਮੇਂ ਦੇ ਕਰੀਬ ਹੈ ਕਿਉਂਕਿ ਇਸ ਗ੍ਰੰਥ ਵਿੱਚ ਚੰਦਰ ਗੁਪਤ ਮੋਰਿਆ ਦਾ ਨਾਂ ਸਤਕਾਰ ਨਾਲ ਆਇਆ ਹੈ।

## ਵਿਸ਼ਾ:

ਜੈਨ ਧਰਮ ਵਿੱਚ ਸਮਾਧੀ ਮਰਨ ਦਾ ਆਪਣਾ ਮਹੱਤਵ ਹੈ। ਉਂਝ ਜੀਵਨ ਤੇ ਮੌਤ ਦਾ ਨਾਉਂ ਸੰਸਾਰ ਹੈ ਪਰ ਜਿਵੇਂ ਜੀਵਨ ਸੁਖੀ ਹੋਣਾ ਚਾਹੀਦਾ ਹੈ

ਉਸੇ ਪ੍ਰਕਾਰ ਮੌਤ ਵੀ ਸਮਾਧੀ ਸੁਖ ਵਾਲੀ ਹੋਣੀ ਚਾਹੀਦੀ ਹੈ। ਸ਼੍ਰੀ ਉਤਰਾਧਿਐਨ ਸੂਤਰ ਵਿੱਚ ਸਮਾਧੀ ਮਰਨ ਦੋ ਪ੍ਰਕਾਰ ਦਾ ਆਖਿਆ ਗਿਆ ਹੈ: ਸਮਾਧੀ ਮਰਨ ਅਤੇ ਬਾਲ ਮਰਨ। ਸਮਾਧੀ ਮਰਨ ਨੂੰ ਪੰਡਿਤ ਮਰਨ ਵੀ ਆਖਿਆ ਗਿਆ ਹੈ। ਦੂਸਰਾ ਬਾਲ ਮਰਨ ਹੈ ਜੋ ਅਗਿਆਨੀਆਂ ਦਾ ਮਰਨ ਹੈ। ਇਸ ਸੂਤਰ ਦੇ 5/32 ਅਧਿਐਨ ਵਿੱਚ ਆਖਿਆ ਗਿਆ ਹੈ:-

"ਜੋ ਮੌਤ ਤੋਂ ਭੈਅ ਮੰਨਦਾ ਹੈ ਉਸ ਤੋਂ ਬਚਾਓ ਕਰਦਾ ਹੈ, ਮੌਤ ਹਮੇਸ਼ਾ ਉਸਦਾ ਪਿੱਛਾ ਕਰਦੀ ਹੈ, ਪਰ ਜੋ ਭੈਅ ਰਹਿਤ ਹੈ, ਉਸ ਦਾ ਮੌਤ ਵੀ ਸਵਾਗਤ ਕਰਦੀ ਹੈ। ਉਸ ਨੂੰ ਗਲ ਨਾਲ ਲਾਉਂਦੀ ਹੈ। ਉਸ ਗਿਆਨੀ ਲਈ ਮੌਤ ਦਾ ਅਰਥ ਬੇਕਾਰ ਹੋ ਜਾਂਦਾ ਹੈ। ਜੋ ਮੌਤ ਤੋਂ ਨਿਰਭੈ ਹੋ ਜਾਂਦਾ ਹੈ ਉਹ ਅਮਰ ਹੋ ਜਾਂਦਾ ਹੈ। ਗਿਆਨੀ ਭਾਵ ਨਾਲ ਸ਼ਰੀਰ ਇੱਛਾ ਪੂਰਵਕ ਤਿਆਗ ਦਾ ਹੈ ਉਹ ਸਵਾਰਥ, ਹਰ, ਇੱਛਾਵਾਂ, ਵਾਸ਼ਨਾਵਾਂ ਦੇ ਨਾ ਮਿਲਣ ਕਾਰਨ ਮਰਨਾ ਆਤਮ ਹੱਤਿਆ ਹੈ, ਪਰ ਇਨ੍ਹਾਂ ਤੋਂ ਉਲਟ ਸ਼ਰੀਰ ਨੂੰ ਸੰਸਾਰਿਕ ਵਸਤਾਂ ਤੋਂ ਹਟਾ ਸਮਾਧੀ ਵੱਲ ਲਾਉਣਾ ਪੰਡਿਤ ਮਰਨ ਹੈ। ਆਚਾਰਿਆ ਸੰਮਤਭੱਦਰ ਨੇ ਸੱਲੇਖਣਾ ਸੰਥਾਰੇ ਦੀ ਪਰਿਭਾਸ਼ਾ ਕਰਦੇ ਹੋਏ ਰਤਨਕਰੰਡ ਸ਼੍ਰਾਵਕਾਚਾਰ ਅਧਿਐਨ 5 ਵਿੱਚ ਆਖਿਆ ਹੈ:-

"ਕਸ਼ਟ, ਅਕਾਲ, ਬੁਢਾਪਾ ਅਤੇ ਨਾ ਠੀਕ ਹੋਣ ਵਾਲੇ ਰੋਗ ਆ ਜਾਣ ਤੇ ਸਰੀਰ ਤਿਆਗ ਨੂੰ ਸੰਖੇਲਨਾ ਆਖਦੇ ਹਨ"। ਸੰਖੇਲਨਾ ਸਾਧੂ ਤੇ ਉਪਾਸ਼ਕ ਦੋਹਾਂ ਲਈ ਵਰਤ ਲਾਜ਼ਮੀ ਹੈ।

ਸਮਾਧੀ ਮਰਨ ਦੇ ਦੋ ਭੇਦ ਹਨ: 1. ਸਾਗਾਰੀ ਸੰਥਾਰਾ, 2. ਆਮ ਸੰਥਾਰਾ। ਸਾਗਾਰੀ ਸੰਥਾਰਾ ਅਚਾਨਕ ਕਸ਼ਟ ਆ ਜਾਣ 'ਤੇ ਧਾਰਨ ਕੀਤਾ ਜਾਂਦਾ ਹੈ ਜਦ ਸੰਥਾਰਾ ਕਰਨ ਵਾਲਾ ਉਸ ਕਸ਼ਟ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਹ ਫਿਰ ਆਪਣੀ ਜਿੰਦਗੀ ਸ਼ੁਰੂ ਕਰ ਸਕਦਾ ਹੈ।

ਆਮ ਸੰਥਾਰਾ ਸੁਭਾਵਿਕ ਸੰਥਾਰਾ ਹੈ ਜਦੋਂ ਨਾ ਖਤਮ ਹੋ ਜਾਣ ਵਾਲੇ ਰੋਗ ਕਾਰਨ ਜੀਵਨ ਦੀ ਹਰ ਆਸ਼ਾ ਖਤਮ ਹੋ ਜਾਵੇ, ਤਾਂ ਸਾਧਕ ਖੁਸ਼ੀ ਖੁਸ਼ੀ ਮੌਤ ਦਾ ਸਵਾਗਤ ਕਰਦਾ ਹੈ। ਸਾਰੇ ਜ਼ਿੰਦਗੀ ਲਈ, ਦੇਹ ਪ੍ਰਤੀ ਪਿਆਰ ਅਤੇ ਸ਼ਰੀਰ ਦਾ ਪਾਲਣ - ਪੋਸ਼ਨ ਤਿਆਗ ਦਾ ਹੈ, ਜੋ ਮੌਤ ਤੱਕ ਜਾਰੀ ਰਹਿੰਦਾ ਹੈ।

ਜੈਨ ਆਗਮਾ ਵਿੱਚ ਸੰਥਾਰੇ ਦੀ ਵਿਧੀ ਦੱਸੀ ਗਈ ਹੈ। ਪਹਿਲਾ ਮਲ ਮੂਤਰ, ਗੰਦਾ ਪਦਾਰਥ ਸੁੱਟਣ ਯੋਗ ਥਾਂ ਵੇਖ ਕੇ ਘਾਹ ਦਾ ਵਿਛੋਣਾ ਤਿਆਰ ਕਰੇ। ਫਿਰ ਅਰਿਹੰਤ, ਸਿਧ, ਸਾਧੂ ਨੂੰ ਬਿਨੈ ਪੂਰਵਕ ਨਮਸਕਾਰ ਕਰਕੇ ਪਹਿਲਾਂ ਗ੍ਰਹਿਣ ਕੀਤੇ ਵਰਤਾਂ ਨੂੰ ਲੱਗੇ ਦੋਸ਼ਾ ਦਾ ਪ੍ਰਾਸ਼ਚਿਤ ਕਰੇ। ਉਸ ਤੋਂ ਬਾਅਦ 84 ਲੱਖ ਜੂਨੀਆਂ ਦੇ ਜੀਵਾਂ ਤੋਂ ਖਿਮਾ ਮੰਗੇ, ਫਿਰ 18 ਪ੍ਰਕਾਰ ਦੇ ਪਾਪਾਂ ਦਾ ਤਿਆਗ ਕਰੇ। 4 ਪ੍ਰਕਾਰ ਦੇ ਭੋਜਨ ਦਾ ਤਿਆਗ ਕਰਕੇ ਸ਼ਰੀਰ ਦੀ ਮਮਤਾ ਦਾ ਤਿਆਗ ਕਰੇ।

ਬੁੱਧ ਪ੍ਰੰਪਰਾ ਤੇ ਹਿੰਦੂ ਪ੍ਰੰਪਰਾ ਵਿੱਚ ਵੀ ਸੰਥਾਰੇ ਦੇ ਅੰਸ਼ ਮਿਲਦੇ ਹਨ। ਪਰ ਜੈਨ ਸੰਥਾਰੇ ਦੇ ਨਾਲ ਨਹੀਂ ਮਿਲਦੇ। ਜੈਨ ਆਚਾਰਿਆ ਨੇ ਸਮਾਧੀ ਮਰਨ ਦੇ ਪੰਜ ਦੋਸ਼ ਦੱਸੇ ਹਨ, ਜੋ ਤਿਆਗਣ ਯੋਗ ਹਨ:-

1. ਜੀਵਨ ਦੀ ਇੱਛਾ
2. ਮੌਤ ਦੀ ਇੱਛਾ
3. ਇਸ ਲੋਕ ਵਿੱਚ ਸੁੱਖ ਦੀ ਇੱਛਾ
4. ਪਰਲੋਕ ਵਿੱਚ ਸੁੱਖ ਦੀ ਇੱਛਾ
5. ਇੰਦਰੀਆਂ ਦੇ ਵਿਸ਼ੇ ਭੋਗ ਸੁੱਖ ਦੀ ਇੱਛਾ

ਸਮਾਧੀ ਮਰਨ ਆਤਮ ਹੱਤਿਆ ਨਹੀਂ। ਆਤਮ ਹੱਤਿਆ ਸੰਸਾਰਿਕ ਸੁੱਖਾ ਨੂੰ ਨਾ ਮਿਲਣ ਕਾਰਨ ਕੀਤੀ ਜਾਂਦੀ ਹੈ, ਪਰ ਸੰਥਾਰੇ ਵਿੱਚ ਸੁੱਖ ਤਿਆਗ ਕੀਤੇ ਜਾਂਦੇ ਹਨ। ਆਚਾਰੰਗ ਸੂਤਰ ਵਿੱਚ ਸਮਾਧੀ ਮਰਨ ਨੂੰ 3 ਪ੍ਰਕਾਰ ਦਾ ਆਖਿਆ ਗਿਆ ਹੈ:-

1. ਭਗਤ ਪਛਖਾਣ
2. ਇੰਗਤ ਮਰਨ
3. ਪਾਦ ਪੋਗਮਨ ਮਰਨ

ਭਗਤ ਪਛਖਾਣ ਮਰਨ ਵਿੱਚ ਖਾਲੀ ਭੋਜਨ ਦਾ ਤਿਆਗ ਕੀਤਾ ਜਾਂਦਾ ਹੈ, ਪਰ ਸਰੀਰ ਦੀ ਹਰਕਤ ਦੀ ਕੋਈ ਹੱਦ ਨਿਸ਼ਚਿਤ ਨਹੀਂ ਕੀਤੀ ਜਾਂਦੀ ਹੈ। ਇੰਗਤ ਮਰਨ ਵਿੱਚ ਸਰੀਰ ਦੇ ਹਿੱਲਣ - ਚਲੱਣ ਅਤੇ ਘੁੰਮਣ ਦੀ ਹੱਦ ਨਿਸ਼ਚਿਤ ਕੀਤੀ ਜਾਂਦੀ ਹੈ। ਇਹ ਇੱਕ ਖਾਸ ਖੇਤਰ ਤੱਕ ਹੀ ਨਿਸ਼ਚਿਤ ਹੁੰਦੀ

ਹੈ। ਪਾਦ ਪੋਗਮਨ ਮਰਨ ਵਿੱਚ ਭੋਜਨ ਤਿਆਗ ਦੇ ਨਾਲ ਨਾਲ ਸ਼ਰੀਰ ਕ੍ਰਿਆਵਾਂ (ਹਰਕਤਾਂ) ਨੂੰ ਮੌਤ ਤੱਕ ਸੀਮਿਤ ਕਰਕੇ ਲੱਕੜ ਦੇ ਫੱਟੇ 'ਤੇ ਸਥਿਰ ਪੈਣਾ ਹੈ।

ਸਮਾਧੀ ਮਰਨ ਤੇ ਬਹੁਤ ਸਾਰਾ ਸਾਹਿਤ ਜੈਨ ਧਰਮ ਵਿੱਚ ਪ੍ਰਾਪਤ ਹੁੰਦਾ ਹੈ। ਸੰਸਤਾਰ ਪ੍ਰਕਿਣਕ ਦਾ ਇਹ ਪਾਠ ਮੁਨੀ ਸ਼੍ਰੀ ਪੁਨੇ ਵਿਜੈ ਜੀ ਰਾਹੀਂ ਸੰਪਾਦਿਕ ਸੰਗ੍ਰਹਿ ਤੋਂ ਲਿਆ ਗਿਆ ਹੈ। ਇਸ ਦੀਆਂ 122 ਗਾਥਾਵਾਂ ਹਨ। ਇਸ ਗ੍ਰੰਥ ਦਾ ਰਚਨਾ ਕਾਲ 7 - 8 ਸਦੀ ਹੋ ਸਕਦੀ ਹੈ। ਜਾਪਦਾ ਹੈ ਇਹ ਗ੍ਰੰਥ ਬਲਭੀ ਵਾਚਨਾ ਤੋਂ ਬਾਅਦ ਰਚਿਆ ਗਿਆ।

ਪੰਜਾਬੀ ਅਨੁਵਾਦ ਵਿੱਚ ਅਸੀਂ 31 ਮਾਰਚ, 1998 ਨੂੰ ਇਹ ਗ੍ਰੰਥ ਨੂੰ ਪੁਰਸ਼ੋਤਮ ਪ੍ਰਗਿਆ ਦੇ ਅੰਕ ਵਿੱਚ ਛਾਪਣ ਦਾ ਫੈਸਲਾ ਕੀਤਾ ਹੈ। ਆਸ ਹੈ ਪੰਜਾਬੀ ਪਾਠਕ ਇਸ ਦਾ ਸਵਾਗਤ ਕਰਨਗੇ ਅਤੇ ਆਗਮ ਵਿੱਚ ਰਹਿ ਗਈਆਂ ਗਲਤੀਆਂ ਲਈ ਮੁਆਫ ਕਰਨਗੇ।

31-3-1998 ਸ਼ੁਭਚਿੰਤਕ,
ਮੰਡੀ ਗੋਬਿੰਦਗੜ੍ਹ ਪੁਰਸ਼ੋਤਮ ਜੈਨ, ਰਵਿੰਦਰ ਜੈਨ
ਜ਼ਿਲ੍ਹਾ ਫਤਿਹਗੜ੍ਹ ਸਾਹਿਬ (ਅਨੁਵਾਦਕ)